**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ ਆਈ.ਸੀ.ਟੀ ਸਿਖਿਆ ਸੋਸਾਇਟੀ**
**ਐਸ ਸੀ ਓ–104–106, ਸੈਕਟਰ– 34 ਅ**
**ਫੋਨ ਨੰ: 2623207, 2621106, 2624673, ਚੰਡੀਗੜ੍ਹ**
**ਫੈਕਸ ਨੰ: 2624687, 2323206**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਧਿਕਾਰੀ, (ਸੈ.ਸਿ),
ਸਮੂਹ ਜਿਲ੍ਹਾ ਸਿੱਖਿਆ ਅਧਿਕਾਰੀ, (ਐ.ਸਿ),
ਸਮੂਹ ਜਿਲ੍ਹਾ ਆਈ ਸੀ ਟੀ ਕੋਆਰਡੀਨੇਟਰ
ਪੰਜਾਬ ।

ਮੀਮੋ ਨੰ : 13/1-2010/SSA/MIS-GIS/771-830
ਮਿਤੀ : 20 ਜਨਵਰੀ, 2011

ਵਿਸ਼ਾ : **MIS/GIS ਵਾਸਤੇ ਡਾਟਾ ਐਂਟਰੀ ਕਰਨ ਲਈ ਪ੍ਰਾਇਮਰੀ ਸਕੂਲਾਂ ਦੀ non-ICT ਸਕੂਲਾਂ ਨਾਲ ਗਰੁਪ ਬਣਾਉਣ ਸਬੰਧੀ ।**

1. ਉਕਤ ਵਿਸ਼ੇ ਵਲ ਧਿਆਨ ਦੇਵੋ ਜੀ ।

2. ਜਿਵੇਂ ਕਿ ਆਪ ਨੂੰ ਪਤਾ ਹੈ ਕਿ ਪੰਜਾਬ ਦੇ ਸਾਰੇ ਸਕੂਲਾਂ ਲਈ ਮੈਨੇਜਮੈਂਟ ਇਨਫਰਮੇਸ਼ਨ ਸਿਸਟਮ (MIS) ਅਤੇ ਜੁਗਰਾਫੀਕਲ ਇਨਫਰਮੇਸ਼ਨ (GIS) ਤਿਆਰ ਕਰਨ ਲਈ ਕੰਟਰੈਕਟ ਹੋ ਚੁੱਕਾ ਹੈ ਅਦੇ ਇਸ ਦੀ ਡਿਵੈਲਪਮੈਂਟ ਕਾਫੀ ਅਡਵਾਂਸ ਸਟੇਜ਼ ਤੇ ਹੈ । ਇਹ ਸਿਸਟਮ ਤਿਆਰ ਹੋਣ ਤੋਂ ਬਾਅਦ ਸਕੂਲਾਂ ਵਲੋਂ ਆਪਣੇ ਆਪਣੇ ਡਾਟਾ ਦੀ ਐਂਟਰੀ ਕਰਨੀ ਹੋਵੇਗੀ ਜਿਸ ਲਈ ਮੁਨਾਸਿਬ ਸਿਖਲਾਈ ਕਰਵਾਈ ਜਾਵੇਗੀ ।

3. ਪ੍ਰਾਇਮਰੀ ਸਕੂਲਾਂ ਅਤੇ non-ICT ਸਕੂਲਾਂ ਦੀ ਵੀ ਡਾਟਾ ਐਂਟਰੀ ਕੀਤੀ ਜਾਣੀ ਹੈ, ਪਰ ਕਿਉਂਕਿ ਇਹਨਾਂ ਸਕੂਲਾਂ ਵਿਚ ਕੰਪਿਊਟਰ ਉਪਲੱਬਧ ਨਹੀਂ ਹਨ, ਇਹ ਫੈਸਲਾ ਲਿਆ ਗਿਆ ਹੈ ਕਿ ਹਰ ICT ਸਕੂਲ ਨਾਲ ਦੋ ਜਾਂ ਤਿੰਨ ਪ੍ਰਾਇਮਰੀ ਜਾਂ non-ICT ਸਕੂਲ ਜੋੜੇ ਜਾਣਗੇ ਅਤੇ ਇਹਨਾਂ ਸਾਰਿਆਂ ਡਾਟਾ ਐਂਟਰੀ ਨੂੰ ਯਕੀਨੀ ਬਣਾਉਣ ਦੀ ਜਿੰਮੇਵਾਰੀ ICT ਸਕੂਲ ਦੇ ਮੁੱਖੀਦੀ ਹੋਵੇਗੀ । ਇਸ ਪ੍ਰਕ੍ਰਿਆ ਵਿਚ ਕੋਈ ਵੀ ਸਕੂਲ ਜਾਂ non-ICT ਸਕੂਲ, ਕਿਸੇ ICT ਸਕੂਲ ਨਾਲ ਜੋੜਨ ਬਗੈਰ ਨਹੀਂ ਰਹਿਣ ਦਿੱਤਾ ਜਾਵੇਗਾ ।

4. ਜਿਲ੍ਹਾ ICT ਕੋਆਰਡੀਨੇਟਰਾਂ ਉਕਤ ਅਨੁਸਾਰ ਲਿਸਟਾਂ ਤਿਆਰ ਕਰਕੇ ਇਸ ਦਫਤਰ ਨੂੰ ਭੇਜਣਗੇ । ਸਮੂਹ ਜਿਲ੍ਹਾ ਸਿੱਖਿਆ ਅਧਿਕਾਰੀ, (ਸੈ.ਸਿ) ਅਤੇ (ਐ.ਸਿ) ਇਹ ਯਕੀਨੀ ਬਣਾਉਨਗੇ ਕਿ ਇਹ ਕੰਮ ਜਲਦੀ ਤੋਂ ਜਲਦੀ ਮੁਕੰਮਲ ਕੀਤਾ ਜਾਵੇ ਅਤੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ।

**ਡਾਇਰੈਕਟਰ ਜਨਰਲ ਸਕੂਲ ਸਿਖਿਆ**
**ਪੰਜਾਬ**